Singh Sahib
Prof. Darshan Singh Khalsa

Ex Jathedar, Sri Akal Takhat Sahib, Sri Amritsar

ਪ੍ਰੈਸ ਰਿਲੀਜ਼

Date : 6 December 2009

# ਸ੍ਰੀ ਗੁਰੂ ਗ੍ਰੰਥ ਅਤੇ ਪੰਥ ਦੇ ਸਿਧਾਂਤ ਉੱਤੇ ਇੱਕ ਹੋਰ ਵੱਡਾ ਹਮਲਾ

ਪਹਿਲਾਂ ਕਿ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੇ ਸ਼ਰੀਕ ਵਜੋਂ ਬਚਿੱਤਰ ਨਾਟਕ ਨੂੰ ਦੂਜਾ ਗੁਰੂ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸ ਤੋਂ ਬਾਅਦ ਦਰਬਾਰ ਸਾਹਿਬ ਦੀ ਤਰਜ਼ 'ਤੇ ਦੂਜਾ ਹਰਿਮੰਦਰ ਸਾਹਿਬ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਹੁਣ ਇੱਕ ਸਭ ਤੋਂ ਵੱਡਾ ਹਮਲਾ ਕਿ ਸੱਚੇ ਨਿਆਉਂ ਦੇ ਤਖ਼ਤ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਕਾਬਲੇ ਨਿਸ਼ਾਨ ਸਾਹਿਬ ਦੇ ਪਿੱਛੇ ਇੱਕ ਗਲੀ ਨੂੰ ਜਾਂਦੀਆਂ ਪੌੜ੍ਹੀਆਂ ਵਿੱਚ ਬਣੇ ਆਪਣੇ ਦਫ਼ਤਰ ਨੂੰ 'ਅਕਾਲ ਤਖ਼ਤ' ਸਥਾਪਤ ਕਰ ਦਿੱਤਾ ਗਿਆ ਹੈ। ਇਸ ਦਫ਼ਤਰ ਨੂੰ ਅਕਾਲ ਤਖ਼ਤ ਦੇ ਸ਼ਰੀਕ ਵਜੋਂ ਸਥਾਪਤ ਕਰ ਦਿੱਤਾ ਗਿਆ ਹੈ ਅਤੇ ਹੁਣ ਇਹ ਜੱਥੇਦਾਰ ਮੀਰੀ-ਪੀਰੀ ਦੇ ਪਾਤਸ਼ਾਹ ਦੇ ਅਕਾਲ ਤਖ਼ਤ 'ਤੇ ਹੋਈ ਪੇਸ਼ੀ ਨੂੰ 'ਪੇਸ਼ੀ' ਨਹੀਂ ਮੰਨਦੇ ਬਲਕਿ ਆਪਣੇ ਦਫ਼ਤਰ ਵਿੱਚ ਪੇਸ਼ ਹੋਏ ਨੂੰ ਹੀ ਅਕਾਲ ਤਖ਼ਤ 'ਤੇ ਪੇਸ਼ ਹੋਇਆ ਸਿੱਖ ਮੰਨਦੇ ਹਨ, ਜਿਥੇ ਕੌਮ ਨੂੰ ਹਨੇਰੇ ਵਿੱਚ ਰੱਖ ਕੇ ਬੰਦ ਕਮਰਿਆਂ ਵਿੱਚ ਪੇਸ਼ੀਆਂ, ਸੌਦੇ ਤੇ ਫ਼ੈਸਲੇ ਕੀਤੇ ਜਾ ਸਕਦੇ ਹਨ ਤੇ ਬੀਤੇ ਕੁਝ ਸਾਲਾਂ ਤੋਂ ਇਹ ਸਭ ਕੁਝ ਹੋ ਵੀ ਰਿਹਾ ਹੈ।

**ਇਨ੍ਹਾਂ ਜਥੇਦਾਰਾਂ ਦੇ ਆਪਣੇ ਪ੍ਰੈਸ ਬਿਆਨ ਵਿੱਚ ਇਹ ਸਪਸ਼ਟ ਕੀਤਾ ਗਿਆ ਹੈ ਕਿ "ਪਿਛਲੇ ਦਸ ਕੁ ਸਾਲ ਤੋਂ ਰਵਾਇਤ ਹੈ ਕਿ ਪੇਸ਼ ਹੋਣ ਵਾਲੇ ਵਿਅਕਤੀ ਦਾ ਪੱਖ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਸੁਣਿਆ ਜਾਂਦਾ ਹੈ"। ਨਾਲ ਹੀ ਕਿਹਾ ਕਿ ਇਹ ਬੰਦ ਕਮਰੇ ਵਿੱਚ ਪੇਸ਼ੀ ਦੀ ਪਰੰਪਰਾ ਅਸੀਂ ਪਿਛਲੇ ਦਸ ਸਾਲਾਂ ਤੋਂ ਬਣਾਈ ਹੈ ਅਤੇ ਹੁਣ ਇਹ ਹੀ ਸਾਡੀ ਰਵਾਇਤ ਹੈ। ਇਨ੍ਹਾਂ ਦਾ ਬਿਆਨ ਹੀ ਇਸ ਗੱਲ ਦਾ ਪ੍ਰਮਾਣ ਹੈ ਕਿ ਇਹ ਕੰਮ ਪਿਛਲੇ ਦਸ ਸਾਲਾਂ ਤੋਂ ਸ਼ੁਰੂ ਹੋਇਆ ਹੈ ਅਤੇ ਸੁਰਜੀਤ ਸਿੰਘ ਬਰਨਾਲਾ ਦੀ ਪੇਸ਼ੀ ਪਹਿਲੀਆਂ ਰਵਾਇਤਾਂ ਮੁਤਾਬਿਕ ਖੁਲ੍ਹੇ ਪੰਡਾਲ ਵਿੱਚ ਹੋਈਆਂ ਸਨ।**

ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਭੋਲੇ ਲੋਕ ਪੁਰਾਤਨ ਪੰਥਕ ਮਰਿਆਦਾਵਾਂ ਨੂੰ ਨਹੀਂ ਜਾਣਦੇ, ਉਹ ਤੁਹਾਡੀਆਂ ਇਨ੍ਹਾਂ ਸਾਜਿਸ਼ਾਂ ਅਧੀਨ ਤੁਹਾਡੇ ਸਾਹਮਣੇ ਬੰਦ ਕਮਰੇ ਵਿੱਚ ਪੇਸ਼ ਹੋ ਕੇ ਤੁਹਾਡੇ ਨਾਲ ਕੁਝ ਸਮਝੌਤੇ ਅੰਦਰ ਬੈਠ ਕੇ ਕਰਦੇ ਰਹੇ ਹਨ ਪਰ ਸਤਿਗੁਰੂ ਦੀ ਕ੍ਰਿਪਾ ਨਾਲ ਗੁਰਮਤਿ ਦੀਆਂ ਪਰੰਪਰਾਵਾਂ ਅਨੁਸਾਰ ਹੀ ਮੈਂ ਇਹ ਗੱਲ ਸਾਫ ਕੀਤੀ ਸੀ ਕਿ ਸਾਡਾ ਸਿਧਾਂਤ ਰੂਪੀ ਅਕਾਲ ਤਖ਼ਤ ਇੱਕੋ ਹੀ ਹੈ ਅਤੇ ਮੈਂ ਉਸ ਅੱਗੇ ਹੀ ਪੇਸ਼ ਹੋਵਾਂਗਾ। ਇਨ੍ਹਾਂ ਨੇ ਆਪਣੇ 17 ਨਵੰਬਰ ਦੇ ਮਤੇ ਵਿੱਚ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਲਈ ਲਿਖਿਆ ਹੈ ਅਤੇ ਮੈਂ ਉਥੇ ਹੀ 5 ਦਸੰਬਰ ਨੂੰ ਸਾਰੀ ਪ੍ਰੈਸ ਤੇ ਸੰਗਤ ਦੀ ਮੌਜੂਦਗੀ ਵਿੱਚ ਪੇਸ਼ ਹੋਇਆ ਹਾਂ। **ਪਰ ਅੱਜ ਇਹ ਉਸ ਅਸਥਾਨ ਨੂੰ ਅਕਾਲ ਤਖ਼ਤ ਨਹੀਂ ਮੰਨ ਰਹੇ ਤੇ ਆਪਣੇ ਬੰਦ ਕਮਰੇ ਨੂੰ ਹੀ 'ਅਕਾਲ ਤਖ਼ਤ' ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਕਿਸੇ ਬੰਦ ਕਮਰਿਆਂ ਦੇ ਅਕਾਲ ਤਖ਼ਤ ਨੂੰ ਨਾ ਮਾਨਤਾ ਦਿੱਤੀ ਹੈ ਅਤੇ ਨਾ ਹੀ ਮਾਨਤਾ ਦੇਵਾਂਗਾ।**

ਇਹ ਗੱਲ ਮੈਂ ਪਹਿਲਾਂ ਵੀ ਖੁਲ੍ਹੇ ਤੌਰ 'ਤੇ ਸਪਸ਼ਟ ਕਰ ਦਿੱਤੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦੇ ਅਦਬ-ਸਤਿਕਾਰ ਦਾ ਮਸਲਾ, ਇੱਕ ਕੌਮੀ ਮਸਲਾ ਹੈ। ਇਸ ਲਈ ਇਹ ਪੰਥ ਦੇ ਸਾਹਮਣੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਵਿੱਤਰ ਅਸਥਾਨ 'ਤੇ ਵਿਚਾਰਿਆ ਜਾਵੇ, ਕਿਸੇ ਬੰਦ ਕਮਰੇ ਵਿੱਚ ਨਹੀਂ। ਇਸ ਗੱਲ 'ਤੇ ਮੈਂ ਅੱਜ ਵੀ ਕਾਇਮ ਹਾਂ। ਇਸੇ ਕਰਕੇ ਮੈਂ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਹਾਜ਼ਰ ਹੋਇਆ ਅਤੇ ਤਕਰੀਬਨ ਇੱਕ ਘੰਟਾ ਇਨ੍ਹਾਂ ਦੇ ਦਿੱਤੇ ਸਮੇਂ ਮੁਤਾਬਿਕ ਉਥੇ ਇੰਤਜ਼ਾਰ ਕੀਤੀ, ਤਾਂ ਕਿ ਕੌਮ ਦੇ ਸਾਹਮਣੇ ਸੱਚਾਈ ਆ ਸਕੇ। ਕੁਝ ਜ਼ਿੰਮੇਵਾਰ ਵੀਰ - ਦਲਮੇਘ ਸਿੰਘ ਸਕੱਤਰ, ਜਸਵਿੰਦਰ ਸਿੰਘ ਐਡਵੋਕੇਟ, ਗਿਆਨੀ ਕੇਵਲ ਸਿੰਘ, ਚੇਅਰਮੈਨ ਤਰਸੇਮ ਸਿੰਘ ਤੇ ਪਰਮਜੀਤ ਸਿੰਘ ਸਰਨਾ ਪ੍ਰਧਾਨ ਦਿੱਲੀ ਕਮੇਟੀ, ਜਾ ਕੇ ਜੱਥੇਦਾਰਾਂ ਨੂੰ ਅਕਾਲ ਤਖ਼ਤ 'ਤੇ ਲਿਆਉਣ ਦੀ ਲਗਾਤਾਰ ਕੋਸ਼ਿਸ਼ ਕਰਦੇ ਰਹੇ ਪਰ ਇੱਕ ਕੌਮੀ ਸੱਚਾਈ ਦਾ ਸਾਹਮਣਾ ਨਾ ਕਰ ਸਕਣ ਦੀ ਉਨ੍ਹਾਂ ਦੀ ਹਿੰਮਤ ਨਾ ਬਣੀ ਅਤੇ ਉਹ ਅਕਾਲ ਤਖ਼ਤ ਸਾਹਿਬ ਦੇ ਅਸਥਾਨ 'ਤੇ ਉਸ ਸਮੇਂ ਨਹੀਂ ਆਏ ਤੇ ਆਪਣੇ ਦਫ਼ਤਰ ਨੂੰ ਹੀ ਅਕਾਲ ਤਖ਼ਤ ਕਹਿੰਦੇ ਰਹੇ। ਆਖਰ ਇੱਕ ਘੰਟੇ ਬਾਅਦ ਅਸੀਂ ਉਥੋਂ ਉਠ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਸਥਾਨ 'ਤੇ ਉਪਰ ਗਏ ਅਤੇ ਆਪਣੇ ਸਪਸ਼ਟੀਕਰਨ ਦੀ ਫਾਈਲ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੀ ਹਜ਼ੂਰੀ ਵਿੱਚ ਭੇਟ ਕੀਤੀ, ਉਥੇ ਅਰਦਾਸ ਕੀਤੀ ਕਿ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੀ ਕੁਝ ਅਸਥਾਨਾਂ 'ਤੇ ਹੋ ਰਹੀ ਬੇਅਦਬੀ ਤੇ ਚਲ ਰਹੀ ਮਨਮਤ ਨੂੰ ਰੋਕਣ ਦੀ ਪੰਥ ਨੂੰ ਸਮਰਥਾ ਬਖਸ਼ੋ ਜੀ। ਅਸੀਂ ਦਰਬਾਰ ਸਾਹਿਬ ਪਰਿਸਰ ਵਿੱਚ ਕਰੀਬ ਦੋ ਘੰਟੇ ਰੁੱਕੇ ਕੇ ਵਾਪਸ ਆ ਗਏ।

ਇਸ ਤੋਂ ਕਰੀਬ ਡੇਢ ਘੰਟੇ ਬਾਅਦ ਇਹ ਜਥੇਦਾਰ ਸ੍ਰੀ ਅਕਾਲ ਤਖ਼ਤ ਦੇ ਅਸਥਾਨ 'ਤੇ ਆਏ ਅਤੇ ਆਪਣੀ ਕਮਜ਼ੋਰੀ ਨੂੰ ਕੋਰੇ ਝੂਠ ਦੇ ਪਰਦੇ ਵਿੱਚ ਛੁਪਾਉਣ ਲਈ ਇਨ੍ਹਾਂ ਨੇ ਮੇਰੇ 'ਤੇ ਦੋਸ਼ ਲਾਉਂਦਿਆਂ ਇਹ ਐਲਾਨ ਕੀਤਾ ਕਿ ਮੈਂ ਅਕਾਲ ਤਖ਼ਤ 'ਤੇ ਨਹੀਂ ਆਇਆ ਤੇ ਉਹ (ਜਥੇਦਾਰ) ਇੰਤਜ਼ਾਰ ਕਰਦੇ ਰਹੇ। **ਹਾਲਾਂਕਿ ਇਸ ਸਾਰੇ ਘਟਨਾਕ੍ਰਮ ਨੂੰ ਸਾਰੀ ਪ੍ਰੈਸ ਤੇ ਸੰਗਤ ਨੇ ਅੱਖੀ ਵੇਖਿਆ ਹੈ। ਫਿਰ ਵੀ ਇਹ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਸਥਾਨ 'ਤੇ ਖਲੋਅ ਕੇ ਝੂਠ ਬੋਲਣ ਤੋਂ ਨਹੀਂ ਡਰੇ ਅਤੇ ਬੇ-ਖੌਫ਼ ਆਪਣੇ ਆਕਾਵਾਂ ਦੀ ਖੁਸ਼ੀ ਹਾਸਲ ਕਰਨ ਲਈ ਮੈਨੂੰ ਤਨਖਾਹੀਆ ਕਰਾਰ ਕਰਨ ਦਾ ਫੈਸਲਾ ਸੁਣਾਇਆ।**

**ਮੈਨੂੰ ਹੰਕਾਰ-ਹਉਮੈ ਤੋਂ ਭਰਿਆ ਤੇ ਖ਼ੁਦਗਰਜ਼ ਕਹਿਣ ਵਾਲਿਆਂ ਦਾ ਅਖ਼ਬਾਰ ਵਿੱਚ ਆਪਣਾ ਬਿਆਨ ਹੈ ਕਿ "ਪ੍ਰੋ. ਦਰਸ਼ਨ ਸਿੰਘ ਆਪਣਾ ਪੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰੱਖ ਕੇ ਗਏ ਹਨ, ਅਸੀਂ ਉਸ ਨੂੰ ਹਾਲੇ ਤਕ ਨਹੀਂ ਪੜ੍ਹਿਆ ਅਤੇ ਨਾ ਹੀ ਅਸੀਂ ਮੰਗਵਾ ਕੇ ਪੜ੍ਹਨਾ ਹੈ।" ਇਥੇ ਸੰਗਤ ਆਪ ਹੀ ਫੈਸਲਾ ਕਰ ਲਵੇ ਕਿ ਹਉਮੈ-ਹੰਕਾਰ ਤੋਂ ਭਰਿਆ ਕੌਣ ਹੈ। ਜਿਹੜੇ ਲੋਕ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੀ ਉੱਚਾ ਸਮਝਦੇ ਹਨ ਅਤੇ ਗੁਰੂ ਸਾਹਿਬ ਦੇ ਅੱਗੇ ਭੇਟ ਕੀਤੀ ਸਪਸ਼ਟੀਕਰਨ ਦੀ ਫਾਈਲ ਨੂੰ ਵੀ ਚੁੱਕ ਕੇ ਨਹੀਂ ਪੜ੍ਹ ਸਕਦੇ, ਉਹ ਮੇਰੇ ਵਿਰੁੱਧ ਐਸਾ ਫੈਸਲਾ ਕਿਵੇਂ ਕਰ ਸਕਦੇ ਹਨ।**

ਕੌਮ ਨੂੰ ਅੱਜ ਜਾਗ ਕੇ ਇੱਕ ਹੋਰ ਖਤਰੇ ਨੂੰ ਪਛਾਣਨ ਤੇ ਪਛਾੜਨ ਦੀ ਲੋੜ ਹੈ ਕਿ ਕੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁਕਾਬਲੇ ਇਨ੍ਹਾਂ ਜਥੇਦਾਰਾਂ ਵੱਲੋਂ ਆਪਣੇ ਆਕਾਵਾਂ ਕੋਲੋਂ ਪੁੱਛ-ਪੁੱਛ ਕੇ ਫੈਸਲੇ ਕਰਨ ਲਈ ਇੱਕ ਬੰਦ ਕਮਰੇ ਨੂੰ ਦੂਜਾ ਅਕਾਲ ਤਖ਼ਤ ਤਾਂ ਨਹੀਂ ਬਣਾ ਦਿੱਤਾ ਗਿਆ।